# ਭਾਰਤ ਨੇ ਪਾਕਿ ਨੂੰ 3 ਡੋਜ਼ੀਅਰ ਸੌਂਪੇ

ਨਵੀਂ ਦਿੱਲੀ-ਭਾਰਤ ਤੇ ਪਾਕਿਸਤਾਨ ਦੇ ਵਿਦੇਸ਼ ਸਕੱਤਰਾਂ ਨੇ ਅੱਜ ਦਿੱਲੀ ਵਿਚ ਰਸਮੀ ਮੁਲਾਕਾਤ ਕੀਤੀ। ਉਮੀਦ ਹੈ ਕਿ ਪਾਕਿਸਤਾਨ ਭਾਰਤ ਵਿਰੋਧੀ ਅਤਿਵਾਦੀ ਜਥੇਬੰਦੀਆਂ ਅਤੇ ਮੁੰਬਈ ਹਮਲਾਵਰਾਂ ਦੇ ਖ਼ਿਲਾਫ਼ ਕਾਰਵਾਈ ਨੂੰ ਤੇਜ਼ ਕਰੇਗਾ। ਇਸ ਤੋਂ ਪਹਿਲਾਂ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਹੈਦਰਾਬਾਦ ਹਾਊਸ ਵਿਚ ਪਾਕਿਸਤਾਨੀ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਦਾ ਸਵਾਗਤ ਕੀਤਾ। ਰਾਓ ਨੇ ਹੈਦਰਾਬਾਦ ਹਾਊਸ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ ਕਿ ਅਸੀਂ ਗੱਲਬਾਤ ਲਈ ਕਾਹਲੇ ਹਾਂ। ਗੱਲਬਾਤ ਲਈ ਹੈਦਰਾਬਾਦ ਹਾਊਸ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਬਸ਼ੀਰ ਨੇ ਕਿਹਾ ਕਿ ਹੈਦਰਾਬਾਦ ਹਾਊਸ ਇਕ ਜਾਣੀ-ਪਛਾਣੀ ਥਾਂ ਹੈ। ਅਸੀਂ ਇਕ ਬਹੁਤ ਹੀ ਰਚਨਾਤਮਕ ਗੱਲਬਾਤ ਦੇ ਇਛੁਕ ਹਾਂ। ਰਾਓ ਅਤੇ ਬਸ਼ੀਰ ਦੀ ਗੱਲਬਾਤ ਲਗਪਗ ਡੇਢ ਘੰਟਾ ਚੱਲੀ। ਇਸ ਤੋਂ ਸੰਕੇਤ ਮਿਲਦਾ ਹੈ ਕਿ ਦੋਵਾਂ ਪੱਖਾਂ ਨੇ ਆਪਣੇ ਮਤਭੇਦਾਂ ਨੂੰ ਦੂਰ ਕਰਨ ਅਤੇ ਸਕਾਰਾਤਮਕ ਨਤੀਜੇ ਹਾਸਲ ਕਰਨ ਲਈ ਸਖ਼ਤ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਵਫ਼ਦ ਪੱਧਰੀ ਗੱਲਬਾਤ ਸ਼ੁਰੂ ਹੋਈ। ਗੱਲਬਾਤ ਤੋਂ ਬਾਅਦ ਕਿਸੇ ਸਾਂਝੇ ਬਿਆਨ ਦੀ ਉਮੀਦ ਨਹੀਂ ਹੈ। ਗੱਲਬਾਤ ਵਿਚ ਜਾਣ ਤੋਂ ਪਹਿਲਾਂ ਦੋਵਾਂ ਪੱਖਾਂ ਨੇ ਸਕਾਰਾਤਮਕ ਰਵੱਈਆ ਅਪਣਾਉਂਦਿਆਂ ਸਪਸ਼ਟ ਕੀਤਾ ਕਿ ਭਾਵੇਂ ਉਨ੍ਹਾਂ ਦੀਆਂ ਮੁੱਖ ਚਿੰਤਾਵਾਂ ਵੱਖ ਵੱਖ ਹਨ ਪਰ ਤਾਂ ਵੀ ਉਹ ਖੁੱਲ੍ਹੇ ਦਿਮਾਗ ਨਾਲ ਗੱਲਬਾਤ ਵਿਚ ਸ਼ਾਮਲ ਹੋ ਰਹੇ ਹਨ।

14 ਮਹੀਨੇ ਦੇ ਵਕਫ਼ੇ ਮਗਰੋਂ ਭਾਰਤ ਅਤੇ ਪਾਕਿਸਤਾਨ ਦੇ ਵਿਦੇਸ਼ ਸਕੱਤਰਾਂ ਵਿਚਾਲੇ ਅੱਜ ਇਥੇ ਮੁਲਾਕਾਤ ਹੋਈ ਤਾਂ ਜੋ ਮੁੰਬਈ ਹਮਲਿਆਂ ਦੇ ਚਲਦਿਆਂ ਰਿਸ਼ਤਿਆਂ 'ਤੇ ਜਮੀ ਬਰਫ਼ ਨੂੰ ਪਿਘਲਾਇਆ ਜਾ ਸਕੇ। ਨਿਰੁਪਮਾ ਨੇ ਬੈਠਕ ਤੋਂ ਬਾਅਦ ਦੱਸਿਆ ਕਿ ਉਨ੍ਹਾਂ ਪਾਕਿ ਵਿਦੇਸ਼ ਸਕੱਤਰ ਨਾਲ ਗੱਲਬਾਤ ਦੌਰਾਨ ਅਤਿਵਾਦ ਦੇ ਮੁੱਦੇ 'ਤੇ ਚਿੰਤਾ ਪ੍ਰਗਟਾਈ। ਨਿਰੁਪਮਾ ਰਾਓ ਅਨੁਸਾਰ ਭਾਰਤ ਨੇ ਪਾਕਿਸਤਾਨ ਨੂੰ ਤਿੰਨ ਡੋਜ਼ੀਅਰ ਸੌਂਪੇ। ਪਹਿਲਾ 26/11 ਹਮਲਿਆਂ ਵਿਚ ਕੁੱਝ ਲੋਕਾਂ ਦੀ ਸ਼ਮੂਲੀਅਤ ਬਾਰੇ, ਦੂਜਾ ਅਤਿਵਾਦੀ ਇਲਿਆਸ ਕਸ਼ਮੀਰੀ ਵਲੋਂ ਜਾਰੀ ਧਮਕੀਆਂ ਬਾਰੇ ਅਤੇ ਤੀਜਾ ਭਾਰਤੀ ਕਾਨੂੰਨ ਤੋਂ ਫ਼ਰਾਰ ਹੋ ਕੇ ਪਾਕਿਸਤਾਨ ਪਹੁੰਚੇ ਲੋਕਾਂ ਸਬੰਧੀ। ਉਨ੍ਹਾਂ ਕਿਹਾ ਕਿ ਭਾਰਤ ਦੇ ਖ਼ਿਲਾਫ਼ ਨਿਸ਼ਾਨਾ ਸੇਧਣ ਵਾਲੇ ਅਤਿਵਾਦੀ ਢਾਚਿਆਂ ਨੂੰ ਨਸ਼ਟ ਕਰਨਾ ਪਾਕਿਸਤਾਨ ਦੀ ਜ਼ਿੰਮੇਵਾਰੀ ਹੈ। ਨਾਲ ਹੀ ਉਨ੍ਹਾਂ ਪਾਕਿਸਤਾਨੀ ਹਮਰੁਤਬਾ ਨੂੰ ਕਿਹਾ ਕਿ ਪਾਕਿਸਤਾਨ ਤੇ ਭਾਰਤ ਵਿਚਾਲੇ ਵਿਸ਼ਵਾਸ਼ ਬਹਾਲੀ ਹੋਣੀ ਚਾਹੀਦੀ ਹੈ। ਜਿਥੇ ਭਾਰਤ ਦੀ ਮੁੱਖ ਚਿੰਤਾ ਅਤਿਵਾਦ ਅਤੇ ਉਨ੍ਹਾਂ ਵਲੋਂ ਪਾਕਿਸਤਾਨੀ ਜ਼ਮੀਨ ਦੀ ਵਰਤੋਂ ਹੈ ਉਥੇ ਪਾਕਿਸਤਾਨ ਨੇ ਸਪਸ਼ਟ ਕੀਤਾ ਕਿ ਉਹ ਕਸ਼ਮੀਰ ਵਿਵਾਦ ਅਤੇ ਦਰਿਆਈ ਪਾਣੀ ਦੀ ਵੰਡ ਵਰਗੇ ਮੁੱਦਿਆਂ ਨੂੰ ਚੁੱਕੇਗਾ। ਪਾਕਿਸਤਾਨੀ ਵਿਦੇਸ਼ ਵਿਭਾਗ ਦੇ ਬੁਲਾਰੇ ਅਬਦੁਲ ਬਾਸਿਤ ਨੇ ਗੱਲਬਾਤ ਤੋਂ ਇਕ ਘੰਟਾ ਪਹਿਲਾਂ ਕਿਹਾ ਕਿ ਕਸ਼ਮੀਰ ਗੱਲਬਾਤ ਦੇ ਏਜੰਡੇ ਵਿਚ ਸ਼ਾਮਲ ਹੈ। ਰਾਓ ਦੇ ਨਾਲ ਭਾਰਤੀ ਵਫ਼ਦ ਵਿਚ ਪਾਕਿਸਾਤਨ ਵਿਚਲੇ ਦੇਸ਼ ਦੇ ਹਾਈ ਕਮਿਸ਼ਨਰ ਸਰਤ ਸੱਭਰਵਾਲ, ਵਿਦੇਸ਼ ਮੰਤਰਾਲੇ ਵਿਚ ਪਾਕਿਸਤਾਨ ਦੇ ਇੰਚਾਰਜ ਜਾਇੰਟ ਸਕੱਤਰ ਵਾਈ ਕੇ ਸਿਨਹਾ, ਮੰਤਰਾਲੇ ਦੇ ਬੁਲਾਰੇ ਵਿਸ਼ਨੂੰ ਪ੍ਰਕਾਸ਼ ਅਤੇ ਮੰਤਰਾਲੇ ਦੇ ਹੋਰ ਅਧਿਕਾਰੀ ਸ਼ਾਮਲ ਸਨ।

## ਇਸ ਸਾਲ ਦੇ ਅੰਤ 'ਚ ਭਾਰਤ ਦੌਰੇ 'ਤੇ ਆਉਣਗੇ ਓਬਾਮਾ

ਵਾਸ਼ਿੰਗਟਨ-ਅਮਰੀਕੀ ਪ੍ਰਸ਼ਾਸਨ ਦੇ ਇਕ ਉਚ ਅਧਿਕਾਰੀ ਨੇ ਦੱਸਿਆ ਹੈ ਕਿ ਰਾਸ਼ਟਰਪਤੀ ਬਰਾਕ ਓਬਾਮਾ ਦੇ ਇਸ ਸਾਲ ਦੇ ਅੰਤ ਤੱਕ ਭਾਰਤ ਦੀ ਯਾਤਰਾ ਉਤੇ ਜਾਣ ਦੀ ਸੰਭਾਵਨਾ ਹੈ। ਦੱਖਣੀ ਅਤੇ ਏਸ਼ੀਆ ਮਾਮਲਿਆਂ ਦੇ ਸਹਾਇਕ ਵਿਦੇਸ਼ ਮੰਤਰੀ ਰਾਬਰਟ ਬਲੈਕ ਨੇ ਕਿਹਾ ਕਿ ਭਾਰਤ ਓਬਾਮਾ ਪ੍ਰਸ਼ਾਸਨ ਦੇ ਮੁੱਖ ਏਜੰਡੇ ਵਿਚੋਂ ਇਕ ਹੈ। ਸ੍ਰੀ ਬਲੈਕ ਨੇ ਹਾਲਾਂਕਿ ਓਬਾਮਾ ਦੇ ਭਾਰਤ ਦੌਰੇ ਦੇ ਸਬੰਧ ਵਿਚ ਕਿਸੇ ਤਾਰੀਖ ਦਾ ਜ਼ਿਕਰ ਨਹੀਂ ਕੀਤਾ ਪਰ ਉਨ੍ਹਾਂ ਕਿਹਾ ਕਿ ਇਸ ਸਾਲ ਦੇ ਅੰਤ ਤੱਕ ਉਹ ਭਾਰਤ ਦੇ ਦੌਰੇ ਉਤੇ ਜਾਣਗੇ। ਉਨ੍ਹਾਂ ਆਖਿਆ ਕਿ ਓਬਾਮਾ ਭਾਰਤ ਨੂੰ ਅਮਰੀਕਾ ਦਾ ਇਕ ਅਹਿਮ ਹਿੱਸੇਦਾਰ ਮੰਨਦਾ ਹੈ। ਉਨ੍ਹਾਂ ਇਹ ਵੀ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ, ਪਾਕਿਸਤਾਨ ਅਤੇ ਅਮਰੀਕਾ ਅੱਤਵਾਦ ਦੀ ਅੱਗ ਵਿਚ ਸੜ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਚੰਗੇ ਸਬੰਧਾਂ ਨੂੰ ਦੇਖਣਾ ਚਾਹੁੰਦੇ ਹਾਂ। ਇਸ ਦੌਰਾਨ ਉਨ੍ਹਾਂ ਅਫਗਾਨਿਸਤਾਨ ਵਿਚ ਸੰਸਦ ਭਵਨ ਦੇ ਨਿਰਮਾਣ, ਰਾਜ ਮਾਰਗ ਨੂੰ ਦਰੁਸਤ ਕਰਨ ਅਤੇ ਹੋਰ ਮਨੁੱਖੀ ਸਹਾਇਤਾ ਲਈ ਭਾਰਤ ਦੀ ਕਾਫੀ ਸ਼ਲਾਘਾ ਵੀ ਕੀਤੀ।

## ਮੁੰਬਈ ਤੇ ਸੰਸਦ ਹਮਲਿਆਂ ਪਿਛੇ ਭਾਰਤੀ ਨੈੱਟਵਰਕ : ਪਾਕਿਸਤਾਨ

ਲਾਹੌਰ-ਦੁਵੱਲੇ ਸਬੰਧਾਂ ਵਿਚ ਕੜਵਾਹਟ ਨੂੰ ਦੂਰ ਕਰਨ ਲਈ ਭਾਰਤ ਅਤੇ ਪਾਕਿਸਤਾਨ ਦੇ ਵਿਦੇਸ਼ ਸਕੱਤਰਾਂ ਵਲੋਂ ਨਵੀਂ ਦਿੱਲੀ ਵਿਚ ਮਿਲਣੀ ਦੌਰਾਨ ਪਾਕਿਸਤਾਨ ਦੇ ਅੱਜ ਦਾਅਵਾ ਕੀਤਾ ਕਿ ਮੁੰਬਈ, ਸਮਝੌਤਾ ਐਕਸਪ੍ਰੈਸ ਅਤੇ ਭਾਰਤੀ ਸੰਸਦ 'ਤੇ ਹਮਲੇ ਪਿਛੇ ਭਾਰਤੀ ਨੈਟਵਰਕ ਦਾ ਹੱਥ ਸੀ। ਆਪਣੇ ਦਾਅਵੇ ਦੇ ਸਮਰਥਨ ਵਿਚ ਬਿਨਾਂ ਕੋਈ ਸਬੂਤ ਪੇਸ਼ ਕੀਤਿਆਂ ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਰਹਿਮਾਨ ਮਲਿਕ ਨੇ ਕਿਹਾ ਕਿ ਮੁੰਬਈ 'ਤੇ ਜਿਸ ਤਰ੍ਹਾਂ ਦਾ ਹਮਲਾ ਹੋਇਆ ਉਸ ਤਰ੍ਹਾਂ ਦੇ ਹਮਲੇ ਨੂੰ ਭਾਰਤੀ ਨੈਟਵਰਕ ਦੀ ਮਦਦ ਤੋਂ ਬਿਨਾਂ ਅੰਜਾਮ ਨਹੀਂ ਦਿੱਤਾ ਜਾ ਸਕਦਾ। ਮਾਮਲੇ ਦੀ ਸੁਣਵਾਈ ਦੇ ਸਿਲਸਿਲੇ ਵਿਚ ਲਾਹੌਰ ਹਾਈ ਕੋਰਟ ਵਿਚ ਪੇਸ਼ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਵਿਚ ਮਲਿਕ ਨੇ ਕਿਹਾ ਕਿ ਮੈਂ ਪੱਤਰਕਾਰ ਸੰਮੇਲਨ ਦੌਰਾਨ ਖੁੱਲ੍ਹੇ ਤੌਰ 'ਤੇ ਕਿਹਾ ਸੀ ਕਿ ਮੁੰਬਈ ਹਮਲਿਆਂ ਦੀ ਤਰ੍ਹਾਂ ਦਾ ਅਤਿਵਾਦੀ ਹਮਲਾ ਬਿਨਾਂ ਭਾਰਤੀ ਨੈਟਵਰਕ ਦੀ ਸ਼ਮੂਲੀਅਤ ਤੋਂ ਨਹੀਂ ਹੋ ਸਕਦਾ। ਮਲਿਕ ਨੇ ਕਿਹਾ ਕਿ ਜਦੋਂ ਸਮਝੌਤਾ ਐਕਸਪ੍ਰੈਸ 'ਤੇ 07 ਵਿਚ ਹਮਲਾ ਹੋਇਆ ਸੀ ਉਦੋਂ ਇਕ ਭਾਰਤੀ ਨੈਟਵਰਕ ਸੀ। ਭਾਰਤੀ ਸੰਸਦ 'ਤੇ 2001 ਵਿਚ ਹੋਏ ਹਮਲੇ ਪਿਛੇ ਵੀ ਭਾਰਤੀ ਨੈਟਵਰਕ ਦਾ ਹੱਥ ਸੀ। ਉਨ੍ਹਾਂ ਬਿਨਾਂ ਕੋਈ ਬਿਊਰਾ ਦਿੰਦਿਆਂ ਕਿਹਾ ਕਿ ਇਹ ਤਿੰਨ ਨੈਟਵਰਕ ਹਨ ਜਿਨ੍ਹਾਂ ਦੀ ਭਾਰਤ ਵਿਚਲੀ ਹੋਂਦ ਦੀ ਪਛਾਣ ਕੀਤੀ ਗਈ ਹੈ। ਮਲਿਕ ਨੇ ਘਟਨਾ ਵਿਚ ਭਾਰਤੀ ਨੈਟਵਰਕ ਦੀ ਸ਼ਮੂਲੀਅਤ ਦੇ ਆਪਣੇ ਦਾਅਵੇ ਦੇ ਸਮਰਥਨ ਵਿਚ ਗ੍ਰਹਿ ਮੰਤਰੀ ਪੀ. ਚਿਦੰਬਰਮ ਦੀ ਅਬੂ ਜਿੰਦਾਲ ਬਾਰੇ ਕੀਤੀ ਟਿੱਪਣੀ ਦਾ ਜ਼ਿਕਰ ਕੀਤਾ। ਉਹ ਮੁੰਬਈ ਹਮਲਿਆਂ ਦਾ ਸ਼ੱਕੀ ਭਾਰਤੀ ਹੈਂਡਲਰ ਸੀ। ਉਨ੍ਹਾਂ ਕਿਹਾ ਕਿ ਸਮੇਂ ਨੇ ਮੈਨੂੰ ਸਹੀ ਸਾਬਤ ਕੀਤਾ ਜਦੋਂ ਚਿਦੰਬਰਮ ਨੇ ਕਿਹਾ ਕਿ ਹਮਲਿਆਂ ਵਿਚ ਅਬੂ ਜਿੰਦਾਲ ਸ਼ਾਮਲ ਸੀ। ਇਸਦਾ ਮਤਲਬ ਹੈ ਕਿ ਇਕ ਨੈਟਵਰਕ ਹੈ। ਹਾਲਾਂਕਿ ਚਿਦੰਬਰਮ ਨੇ ਸਿਰਫ਼ ਇੰਨਾ ਕਿਹਾ ਸੀ ਕਿ ਭਾਰਤੀ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਅਬੂ ਜਿੰਦਾਲ ਭਾਰਤੀ ਹੈ। ਚਿਦੰਬਰਮ ਨੇ ਕਿਹਾ ਸੀ ਕਿ ਅਬੂ ਜਿੰਦਾਲ ਨੇ ਭਾਰਤ ਵਿਚ ਘੁਸਪੈਠ ਦੀ ਕੋਸ਼ਿਸ਼ ਕੀਤੀ ਹੋਵੇਗੀ ਅਤੇ ਭਾਰਤੀ ਪਛਾਣ ਹਾਸਲ ਕਰਨ ਲਈ ਦੇਸ਼ ਵਿਚ ਲੰਮਾਂ ਸਮਾਂ ਬਿਤਾਇਆ ਹੋਵੇਗਾ।

## ਬਲੈਰੋ ਰਜਵਾਹੇ 'ਚ ਡਿੱਗੀ, ਚਾਰ ਜ਼ਖ਼ਮੀ

ਡੱਬਵਾਲੀ-ਪਿੰਡ ਕਿੱਲਿਆਂਵਾਲੀ ਦੇ ਨਜ਼ਦੀਕ ਇੱਕ ਬੈਲੋਰੋ ਗੱਡੀ ਰਜਵਾਹੇ ਵਿਖ ਡੱਗਣ ਨਾਲ ਚਾਰ ਜਣੇ ਜਖ਼ਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੇਸੂਜੋਧਾ ਦੇ ਵਸਨੀਕ ਗੁਰਵਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਨੇ ਦਿੱਸਿਆ ਕਿ ਅੱਜ ਜਦੋਂ ਉਹ ਬਲੈਰੋ ਵਿਚ ਪਿੰਡ ਕਿੱਲਿਆਂਵਾਲੀ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਤਲਵੰਡੀ ਸਾਬੋ ਦੇ ਨਜ਼ਦੀਕ ਇੱਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਜਾ ਰਹੇ ਸਨ। ਜਦੋਂ ਉਹ ਪਿੰਡ ਕਿੱਲਿਆਂਵਾਲੀ ਤੋਂ ਡੱਬਵਾਲੀ ਨੂੰ ਆ ਰਹੇ ਸਨ ਤਾਂ ਅਕਾਲੀ ਆਗੂ ਰਾਜਿੰਦਰ ਸਿੰਘ ਭਾਟੀ ਦੀ ਢਾਣੀ ਦੇ ਨਜ਼ਦੀਕ ਮੋੜ 'ਤੇ ਡਰਾਈਵਰ ਬਲੈਰੋ ਤੋਂ ਸੰਤੁਲਨ ਗੁਆ ਬੈਠਿਆ ਤੇ ਗੱਡੀ ਬਲੈਰੋ ਖਿਸਕ ਦੇ ਰਜਵਾਹੇ ਵਿਚ ਜਾ ਡਿੱਗੀ। ਇਸ ਘਟਨਾ ਸੂਚਨਾ ਪਿੰਡ ਦੇ ਲੋਕਾਂ ਨੂੰ ਮਿਲੀ ਤਾਂ ਉਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਬਲੈਰੋ ਨੂੰ ਇੱਕ ਜੇ. ਸੀ. ਬੀ. ਮਸ਼ੀਨ ਦੀ ਮੱਦਦ ਨਾਲ ਬਾਹਰ ਕੱਢ ਲਿਆ ਗਿਆ। ਘਟਨਾ ਵਿਚ ਚਾਰ ਜਣਿਆਂ ਨੂੰ ਮਾਮੂਲੀ ਸੱਟਾਂ ਵੱਜੀਆਂ ਹਨ।

ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਰਜਵਾਹੇ ਦੇ ਨਜ਼ਦੀਕ ਸਥਿਤ ਇਹ ਮੋੜ ਬੇਹੱਦ ਖ਼ਤਰਕਨਾਕ ਹੈ ਤੇ ਇੱਕੇ ਹਮੇਸ਼ਾਂ ਹਾਦਸੇ ਵਾਪਰਨ ਦਾ ਖ਼ਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੇ ਦਰਬਾਰੇ ਕਈ ਵਾਰ ਗੁਹਾਰ ਲਗਾਉਣ ਦੇ ਬਾਵਜੂਦ ਕਿਸੇ ਨੇ ਸੁਣਵਾਈ ਨਹੀਂ ਕੀਤੀ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਮਾਮਲਾ ਸੰਗਤ ਦਰਸ਼ਨ ਵਿਚ ਚੁੱਕਿਆ ਗਿਆ ਸੀ ਪਰ ਕੋਈ ਕਾਰਵਾਈ ਨਹੀਂ ਹੋਈ।

## ਨਾਟੋ ਦੇ ਹਵਾਈ ਹਮਲੇ 'ਚ 33 ਅਫ਼ਗਾਨ ਨਾਗਰਿਕ ਹਲਾਕ

ਕਾਬਲ-ਅਫ਼ਗਾਨਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਅੱਜ ਕਿਹਾ ਕਿ ਦੇਸ਼ ਦੇ ਦੱਖਣੀ ਖੇਤਰ ਵਿਚ ਨਾਟੋ ਵਲੋਂ ਕੀਤੇ ਗਏ ਇਕ ਹਵਾਈ ਹਮਲੇ ਵਿਚ ਬੱਚਿਆਂ ਅਤੇ ਮਹਿਲਾਵਾਂ ਸਮੇਤ ਘੱਟੋ ਘੱਟ 33 ਅਫ਼ਗਾਨ ਨਾਗਰਿਕ ਹਲਾਕ ਹੋ ਗਏ। ਨਾਟੋ ਫ਼ੌਜਾਂ ਵਲੋਂ ਜਾਰੀ ਬਿਆਨ ਵਿਚ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਐਤਵਾਰ ਨੂੰ ਉਨ੍ਹਾਂ ਦੇ ਜਹਾਜ਼ਾਂ ਨੇ ਇਕ ਗੱਡੀਆਂ ਦੇ ਕਾਫ਼ਲੇ ਨੂੰ ਇਹ ਸੋਚ ਕੇ ਨਿਸ਼ਾਨਾ ਬਣਾਇਆ ਕਿ ਉਸ ਵਿਚ ਬਾਗ਼ੀ ਜਾ ਰਹੇ ਹਨ ਪਰ ਬਾਅਦ ਵਿਚ ਪਤਾ ਲਗਾ ਕਿ ਇਨ੍ਹਾਂ ਵਿਚ ਦੇਸ਼ ਦੇ ਆਮ ਨਾਗਰਿਕ ਸਵਾਰ ਸਨ। ਇਸ ਹਮਲੇ ਵਿਚ ਹਲਾਕ ਹੋਏ ਲੋਕਾਂ ਵਿਚ ਚਾਰ ਮਹਿਲਾਵਾਂ ਅਤੇ ਇਕ ਬੱਚਾ ਸ਼ਾਮਲ ਸੀ।




# ਕੀ ਕਾਰਨ ਹਨ-ਗੁਰਦੇ 'ਚ ਪਥਰੀ ਦੇ

***ਗੁਰਦੇ ਦੀ ਪਥਰੀ ਵਾਲੇ ਮਰੀਜ਼ਾਂ ਨੂੰ ਚਾਵਲ, ਮਾਂਹ ਦੀ ਦਾਲ, ਸਾਗ, ਟਮਾਟਰ ਨਹੀਂ ਖਾਣੇ ਚਾਹੀਦੇ, ਜਦੋਂ ਤੱਕ ਠੀਕ ਨਹੀਂ ਹੁੰਦੇ। ਖੱਬੇ ਪਾਸੇ ਗੁਰਦੇ 'ਚ ਚੁਭਣ, ਤਿੱਖਾ ਦਰਦ, ਦਰਦ ਖੱਬੇ ਤੋਂ ਸ਼ੁਰੂ ਹੋ ਕੇ ਮੂਤਰ ਪ੍ਰਣਾਲੀ ਦੇ ਨਾਲ-ਨਾਲ ਪਖਾਨੇ ਅਤੇ ਮੂਤਰ ਦੁਆਰ ਤੱਕ ਜਾਂਦਾ ਹੈ, ਜਿਸ ਲਈ ਬਕਵਰਸ ਵਲਗਰਸ ਦਵਾਈ ਹੈ।***

ਡਾ. ਜਗਦੀਸ਼ ਜੱਗੀ

ਪਿਸ਼ਾਬ ਦਾ ਗਾੜ੍ਹਾਪਣ ਯੂਰਿਕ ਐਸਿਡ ਦਾ ਲਹੂ 'ਚੋਂ ਵਧਦੇ ਜਾਣਾ, ਵਿਟਾਮਿਨ ਡੀ ਤੇ ਦਾਲਾਂ ਦੀ ਬਹੁਤ ਵਰਤੋਂ ਅਤੇ ਤਾਜ਼ਾ ਸਬਜ਼ੀਆਂ, ਦੁੱਧ ਆਦਿ ਦੀ ਘੱਟ ਵਰਤੋਂ, ਐਲਕਲੀ ਯਾਨੀ ਥਾਹ ਅਤੇ ਸਲਫਾ ਡਰੱਗ ਦਾ ਵਧੇਰੇ ਪ੍ਰਯੋਗ, ਵਿਰਸਾ ਅਤੇ ਸਰੀਰ 'ਚ ਪੱਥਰੀ ਬਨਣ ਦੀ ਰੁਚੀ ਲਿਥੀਸਿਕ ਡਾਇਆਥੀਸਿਜ਼ ਹਨ। ਪੱਥਰੀ ਮਾਸੂਮ ਬੱਚਿਆਂ ਦੇ ਪਖਾਨੇ 'ਚ ਵੀ ਦੇਖੀ ਗਈ ਹੈ। ਪੱਥਰੀ 20-25 ਸਾਲ ਦੀ ਉਮਰ ਮਗਰੋਂ ਹੁੰਦੀ ਹੈ, ਪੱਥਰੀ ਮੂਤਰ ਅੰਗਾਂ, ਗੁਰਦੇ ਮੂਤਰ ਪ੍ਰਣਾਲੀ ਅਤੇ ਮਸਾਨੇ 'ਚ ਹੋ ਸਕਦੀ ਹੈ। ਪੱਥਰੀ ਸੱਤ ਪ੍ਰਕਾਰ ਦੀ, ਭਾਵ ਸਖਤ, ਖਾਕੀ, ਲਾਲ ਸੁਰਖ, ਚਾਰੇ ਪਾਸਿਓਂ ਨਰਮ, ਪੀਲੀ, ਨੀਲੀ, ਪੀਲੀ, ਹਰੀ, ਨੀਲੀ ਵੈਂਗਣੀ ਕਈ ਪ੍ਰਕਾਰ ਦੇ ਮਿਲੇ ਰੰਗਾਂ ਆਦਿ ਦੀ ਹੁੰਦੀ ਹੈ, ਪੱਥਰੀ ਛੋਟੇ ਜਿਹੇ ਕਿਣਕੇ ਤੋਂ ਲੈ ਕੇ ਬਦਾਮ ਤੋਂ ਵੀ ਵੱਡੀ ਹੋ ਸਕਦੀ ਹੈ, ਪੱਥਰੀ ਇਕ-ਇਕ ਕਣ ਤੋਂ ਬਣ ਕੇ ਫਿਰ ਇਕੱਠੇ ਹੋ ਕੇ ਇਹ ਕਿਣਕੇ ਪੱਥਰੀ ਦਾ ਰੂਪ ਬਣ ਜਾਂਦੇ ਹਨ ਤੇ ਪੇਸ਼ਾਬ ਦੀ ਸ਼ਿਕਾਇਤ ਸ਼ੁਰੂ ਹੋਵੇ ਤੇ ਸੱਜੀ ਜਾਂ ਖੱਬੀ ਵੱਖੀ 'ਚ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ। ਕਈ ਵਾਰੀ ਬਹੁਤ ਜ਼ੋਰਦਾਰ ਜਾਂ ਤੇਜ਼ ਦਰਦ ਵੀ ਹੁੰਦਾ ਹੈ, ਪੱਥਰੀ ਇਕ ਅਤੇ ਇਕੋ ਸਮੇਂ 50-60 ਵੀ ਹੋ ਸਕਦੀਆਂ ਹਨ, ਛੋਟੀਆਂ ਕਿਣਕੇ ਵਰਗੀਆਂ ਪੱਥਰੀਆਂ ਦਾ ਪਤਾ ਵੀ ਨਹੀਂ ਲੱਗਦਾ, ਵੱਡੀ ਪੱਥਰੀ ਹੋਣ ਦੀ ਹਾਲਤ 'ਚ ਪਿੱਠ-ਪਿੱਛੇ ਗੁਰਦਿਆਂ ਵਾਲੀ ਥਾਂ ਦਰਦ ਹੁੰਦਾ ਹੈ ਅਤੇ ਪੇਸ਼ਾਬ 'ਚ ਪੀਪ ਐਲਬਿਓਸਿਨ ਅਤੇ ਆਰ ਬੀ ਸੀ ਆਉਂਦੇ ਹਨ। ਗੁਰਦੇ 'ਚ ਸੂਲ ਦਾ ਦਰਦ: ਪੱਥਰੀ ਗੁਰਦੇ 'ਚੋਂ ਨਿਕਲ ਕੇ ਮੂਤਰ ਪ੍ਰਣਾਲੀ ਜਾਣ ਲੱਗਿਆਂ ਅਤੇ ਖਾਸ ਕਰ ਕੇ ਪੱਥਰੀ ਦੇ ਮੂਤਰ ਨਲੀ 'ਚ ਰੁਕਣ ਤੋਂ ਗੁਰਦਿਆਂ 'ਤੇ ਦਬਾਅ ਜਾਂ ਜ਼ੋਰ ਪੈਣ ਤੋਂ ਸਖਤ ਸੂਲ ਵਰਗਾ ਦਰਦ ਹੁੰਦਾ ਹੈ। ਇਹ ਦਰਦ ਪੱਥਰੀ ਵਾਲੇ ਗੁਰਦੇ ਤੋਂ ਸ਼ੁਰੂ ਹੋ ਕੇ ਮੂਤਰ ਨਲੀ ਦੇ ਨਾਲ ਹੁੰਦਿਆਂ ਕਮਰ, ਜਾਂਘ, ਮਨੁੱਖ ਦੇ ਅੰਡਕੋਸ਼ ਅਤੇ ਮੂਤਰ ਦੁਆਰ ਤੱਕ ਅਤੇ ਇਸਤਰੀਆਂ 'ਚ ਮੂਤਰ ਨਲੀ ਰਾਹੀਂ ਹੁੰਦਿਆਂ ਹੋਇਆਂ, ਸੂਲ ਦਾ ਦਰਦ ਇਸਤਰੀਆ ਦੇ ਜਣਨ ਅੰਗਾਂ ਦੇ ਬੁੱਲਾਂ ਤੱਕ ਤੇਜ਼ ਅਤੇ ਸਖਤ ਦਰਦਾਂ ਨਾਲ ਜਾਂਦਾ ਹੈ। ਪੇਸ਼ਾਬ ਲਈ ਕਿੱਲਣਾ, ਲਗਾਤਾਰ ਪਿਸ਼ਾਬ ਦੀ ਹਾਜ਼ਤ ਦਰਦਾਂ ਨਾਲ ਅੰਡਕੋਸ਼ਾਂ ਦਾ ਉੱਤੇ ਚੜ੍ਹ ਜਾਣਾ ਅਤਿਅੰਤ ਸੂਲ ਦੇ ਦਰਦ ਨਾਲ ਰੋਗੀ ਦਾ ਫਰਸ਼ 'ਤੇ ਮੇਹਲਣਾ, ਚੇਹਰੇ ਦਾ ਰੰਗ ਪੀਲਾ ਜਾਂ ਲਾਲ ਸੁਰਖ, ਨਬਜ਼ ਕਮਜ਼ੋਰ, ਠੰਡੀਆਂ ਤੇਲੀਆਂ, ਜੀਅ ਕੱਚਾ, ਉਲਟੀਆਂ, ਕਈ ਹਾਲਤਾਂ 'ਚ ਰੋਗੀ ਦਾ ਦਰਦ ਨਾਲ ਬੇਹੋਸ਼ ਹੋ ਜਾਣਾ। ਦਰਦ ਕੁਝ ਮਿੰਟਾਂ ਤੋਂ ਲੈ ਕੇ ਕਈ ਘੰਟਿਆਂ ਤੱਕ ਰਹਿਣਾ ਪੱਥਰੀ ਦਾ ਮੂਤਰ ਪ੍ਰਣਾਲੀ ਰਾਹੀਂ ਪਖਾਨੇ 'ਚ ਆਉਣ ਤੋਂ ਦਰਦ ਨੂੰ ਆਰਾਮ ਆ ਜਾਂਦਾ ਹੈ। ਟਾਵੀਂ ਹਾਲਤ 'ਚ ਦਰਦ ਪੱਥਰੀ ਵਾਲੇ ਪਾਸੇ ਤੋਂ ਉਲਟ ਦੂਜੇ ਪਾਸੇ ਹੋਣਾ ਆਦਿ ਇਲਾਮਤਾਂ ਹਨ, ਪੱਥਰੀ ਦੇ ਮੂਤਰ ਪ੍ਰਣਾਲੀ 'ਚ ਰੁਕਣ ਤੋਂ ਗੰਭੀਰ ਹਾਲਤਾਂ 'ਚ ਵੀ ਹੋ ਸਕਦੀਆਂ ਹਨ। ਮਸਾਨੇ 'ਚ ਪੱਥਰੀ ਹੋਣ ਤੋਂ ਦਰਦ, ਪਿਸ਼ਾਬ ਕਰਨ ਤੋਂ ਮਗਰੋਂ ਮੂਤਰ ਨਲੀ ਦੇ ਮੂੰਹ 'ਤੇ ਹੁੰਦਾ ਹੈ ਅਤੇ ਇਹ ਦਰਦ ਪੱਟ ਦੇ ਅੰਦਰਲੇ ਪਾਸੇ ਤੱਕ ਵੀ ਜਾਂਦਾ ਹੈ। ਗੁਰਦੇ 'ਚ ਪੱਥਰੀ ਕਾਰਨ ਗੁਰਦਿਆਂ ਦੇ ਕਈ ਪ੍ਰਕਾਰ ਦੇ ਛੋਟੇ-ਵੱਡੇ ਮਾਰੂ ਰੋਗ ਵੀ ਹੋ ਸਕਦੇ ਹਨ, ਜੋ ਆਮ ਐਕਸ-ਰੇ ਕਰਾਉਣ ਤੋਂ ਪੱਥਰੀ ਦਾ ਪਤਾ ਨਾ ਲੱਗੇ ਤਾਂ ਆਈ ਵੀ ਪੀ ਐਕਸ-ਰੇ ਕਰਾਉਣਾ ਚਾਹੀਦਾ ਹੈ। ਐਲੋਪੈਥੀ 'ਚ ਗੁਰਦੇ ਦੀ ਪੱਥਰੀ ਦਾ ਇਲਾਜ ਓਪਰੇਸ਼ਨ ਹੀ ਹੈ। ਦੇਖਿਆ ਗਿਆ ਹੈ ਕਿ ਇਕ-ਦੋ ਵਾਰ ਓਪਰੇਸ਼ਨ ਕਰਨ ਮਗਰੋਂ ਵੀ ਪੱਥਰੀ ਫੇਰ ਹੋ ਜਾਂਦੀ ਹੈ, ਕਿਉਂਕਿ ਓਪਰੇਸ਼ਨ ਰਾਹੀਂ ਕੇਵਲ ਪੱਥਰੀ ਹੀ ਕੱਢੀ ਜਾ ਸਕਦੀ ਹੈ, ਰੋਗੀ ਦੇ ਸਰੀਰ 'ਚ ਪੱਥਰੀ ਬਣਨ ਦੀ ਰੁਚੀ ਉਸੇ ਤਰ੍ਹਾਂ ਰਹਿਣ ਕਰ ਕੇ ਪੱਥਰੀ ਦਾ ਫੇਰ ਬਣਨਾ ਸੁਭਾਵਕ ਹੁੰਦਾ ਹੈ। ਹੋਮਿਓਪੈਥੀ 'ਚ ਪੱਥਰੀ ਦੇ ਰੋਗੀਆਂ ਨੂੰ ਠੀਕ ਕਰਨ ਦਾ ਭਰੋਸਾ ਪ੍ਰਾਪਤ ਹੈ। ਕਿਸੇ ਵੀ ਹਾਲਤ 'ਚ ਪੱਥਰੀ ਦੇ ਰੋਗੀ ਨਿਰਾਸ਼ ਨਹੀਂ ਹੋਏ, ਹੋਮਿਓਪੈਥੀ ਚਕਿਤਸਾ ਰਾਹੀਂ ਲਹੂ 'ਚ ਅਜਿਹੇ ਦ੍ਰਿਸ਼ਮਾਨ ਅਤੇ ਅਦ੍ਰਿਸ਼ਮਾਨ ਤੱਤ ਪੈਦਾ ਹੋ ਜਾਂਦੇ ਹਨ, ਜਿਨ੍ਹਾਂ ਨਾਲ ਪੱਥਰੀਆਂ ਟੁੱਟ ਅਤੇ ਖੁਰ ਕੇ ਬਾਹਰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਅੱਗੇ ਨੂੰ ਪੱਥਰੀ ਬਣਨ ਦੀ ਰੁਚੀ ਸਦਾ ਲਈ ਖਤਮ ਹੋ ਜਾਂਦੀ ਹੈ ਅਤੇ ਰੋਗੀ ਤੰਦਰੁਸਤ ਹੋ ਜਾਂਦਾ ਹੈ। ਖਾਣ-ਪੀਣ ਤੋਂ ਪਰਹੇਜ਼: ਚਾਵਲ, ਮਾਂਹ ਦੀ ਦਾਲ, ਸਾਗ, ਟਮਾਟਰ ਨਹੀਂ ਖਾਣੇ ਚਾਹੀਦੇ, ਜਦੋਂ ਤੱਕ ਠੀਕ ਨਹੀਂ ਹੁੰਦੇ। ਖੱਬੇ ਪਾਸੇ ਗੁਰਦੇ 'ਚ ਚੁਭਣ, ਤਿੱਖਾ ਦਰਦ, ਦਰਦ ਖੱਬੇ ਤੋਂ ਸ਼ੁਰੂ ਹੋ ਕੇ ਮੂਤਰ ਪ੍ਰਣਾਲੀ ਦੇ ਨਾਲ-ਨਾਲ ਪਖਾਨੇ ਅਤੇ ਮੂਤਰ ਦੁਆਰ ਤੱਕ ਜਾਂਦਾ ਹੈ, ਜਿਸ ਲਈ ਬਕਵਰਸ ਵਲਗਰਸ ਦਵਾਈ ਹੈ। ਲਾਈਕੋਪੋਡੀਅਮ ਸੱਜੇ ਗੁਰਦੇ ਜਾਂ ਯੂਰੇਟਰ 'ਚ ਸਖਤ ਦਰਦ, ਕੈਂਥਰਸ, ਸੱਜੇ ਜਾਂ ਖੱਬੇ ਪਾਸੇ ਦਾ ਗੁਰਦੇ ਦਾ ਤਿੱਖਾ ਦਰਦ, ਸਾਰਸਾਪਰੇਲਾ ਗੁਰਦੇ ਦਾ ਦਰਦ ਪਿਸ਼ਾਬ ਖਤਮ ਹੋਣ ਲੱਗਿਆਂ ਦਰਦ ਆਦਿ ਕੁਝ ਲੱਛਣ ਅਤੇ ਦਵਾਈਆਂ ਦੱਸੀਆਂ ਗਈਆਂ ਹਨ।